ਮਿੱਠੇ ਬੱਚੇ:- "ਮਿੱਠੇ ਬੱਚੇ :- ਦੇਹ ਦੇ ਸੰਬੰਧਾਂ ਵਿੱਚ ਬੰਧੰਨ ਹੈ, ਇਸਲਈ ਦੁੱਖ ਹੈ, ਦੇਹੀ ਦੇ ਸੰਬੰਧ ਵਿੱਚ ਰਹੋ ਤਾਂ ਅਥਾਹ ਸੁਖ ਮਿਲ ਜਾਏਗਾ, ਇੱਕ ਮਾਤ - ਪਿਤਾ ਦੀ ਯਾਦ ਰਹੇਗੀ"

ਪ੍ਰਸ਼ਨ:- ਕਿਸ ਨਸ਼ੇ ਵਿੱਚ ਰਹੋ ਤਾਂ ਮਾਇਆ ਤੇ ਜਿੱਤ ਪਾਉਣ ਦੀ ਹਿੰਮਤ ਆ ਜਾਏਗੀ?

ਉੱਤਰ:- ਨਸ਼ਾ ਰਹੇ ਕਿ ਕਲਪ - ਕਲਪ ਅਸੀਂ ਬਾਪ ਦੀ ਯਾਦ ਨਾਲ ਮਾਇਆ ਦੁਸ਼ਮਣ ਤੇ ਵਿਜੇਈ ਬਣ ਹੀਰੇ ਵਰਗਾ ਬਣੇ ਹਾਂ। ਖੁਦ ਖੁਦਾ ਸਾਡਾ ਮਾਤਾ - ਪਿਤਾ ਹੈ, ਇਸੀ ਸਮ੍ਰਿਤੀ ਅਤੇ ਨਸ਼ੇ ਨਾਲ ਹਿੰਮਤ ਆ ਜਾਏਗੀ। ਹਿੰਮਤ ਰੱਖਣ ਵਾਲੇ ਬੱਚੇ ਵਿਜੇਈ ਜਰੂਰ ਬਣਦੇ ਹਨ ਅਤੇ ਸਦਾ ਗੋਡਲੀ ਸਰਵਿਸ ਤੇ ਹੀ ਤੱਤਪਰ ਰਹਿੰਦੇ ਹਨ।

ਗੀਤ:- ਤੁਮ੍ਹਾਰੇ ਬੁਲਾਨੇ ਕੋ ਜੀ ਚਾਹਤਾ ਹੈ...

ਓਮ ਸ਼ਾਂਤੀ। ਦੇਵੀ - ਦੇਵਤਾਵਾਂ ਦੇ ਪੁਜਾਰੀ ਪਾਰਲੌਕਿਕ ਮਾਤ - ਪਿਤਾ ਨੂੰ ਯਾਦ ਤਾਂ ਕਰਦੇ ਹੀ ਆਏ ਹਨ ਅਤੇ ਭਗਤ ਵੀ ਜਾਣਦੇ ਹਨ ਸਾਨੂੰ ਭਗਤੀ ਦਾ ਫਲ ਦੇਣ ਮਾਤ -ਪਿਤਾ ਨੂੰ ਆਉਣਾ ਹੈ ਜਰੂਰ। ਹੁਣ ਉਹ ਮਾਤ - ਪਿਤਾ ਕੌਣ ਹਨ - ਇਹ ਤਾਂ ਵਿਚਾਰੇ ਜਾਣਦੇ ਹੀ ਨਹੀਂ। ਪੁਕਾਰਦੇ ਹਨ ਇਸ ਨਾਲ ਸਿੱਧ ਹੁੰਦਾ ਹੈ, ਉਹਨਾਂ ਦਾ ਸੰਬੰਧ ਜਰੂਰ ਹੈ। ਇੱਕ ਹੁੰਦਾ ਹੈ ਲੌਕਿਕ ਸੰਬੰਧ, ਦੂਸਰਾ ਹੁੰਦਾ ਹੈ ਪਾਰਲੌਕਿਕ ਸੰਬੰਧ। ਲੌਕਿਕ ਸੰਬੰਧ ਤਾਂ ਅਨੇਕ ਤਰ੍ਹਾਂ ਦੇ ਹਨ। ਕਾਕਾ, ਚਾਚਾ, ਮਾਮਾ ਆਦਿ - ਆਦਿ ਇਹ ਹੈ ਲੌਕਿਕ ਬੰਧੰਨ, ਇਸਲਈ ਪਰਮਪਿਤਾ ਪਰਮਾਤਮਾ ਨੂੰ ਬੁਲਾਉਂਦੇ ਹਨ। ਇਹ ਤਾਂ ਬੱਚਿਆਂ ਨੂੰ ਪਤਾ ਹੈ ਸਤਿਯੁਗ ਵਿੱਚ ਕੋਈ ਬੰਧੰਨ ਨਹੀਂ। ਬਾਪ ਨੂੰ ਬੁਲਾਉਂਦੇ ਹਨ ਕਿ ਅਸੀਂ ਹੁਣ ਬੰਧੰਨ ਵਿੱਚ ਹਾਂ, ਤੁਹਾਡੇ ਸੰਬੰਧ ਵਿੱਚ ਆਉਣਾ ਚਾਹੁੰਦੇ ਹਾਂ। ਭਗਤਾਂ ਨੂੰ ਯਾਦ ਹੈ ਅਸੀਂ ਅਨੇਕ ਤਰ੍ਹਾਂ ਦੇ ਬੰਧਨਾਂ ਵਿੱਚ ਹਾਂ। ਦੇਹ ਦਾ ਸਿਮਰਨ ਹੋਣ ਕਾਰਣ ਬੰਧਨ ਬਹੁਤ ਹਨ। ਦੇਹ ਦੇ ਸੰਬੰਧ ਨਾਲ ਇੱਕ ਹੀ ਮਾਤ - ਪਿਤਾ ਯਾਦ ਰਹਿੰਦਾ ਹੈ। ਲੌਕਿਕ ਅਤੇ ਪਾਰਲੌਕਿਕ ਨੂੰ ਯਾਦ ਕਰਨ ਵਿੱਚ ਰਾਤ - ਦਿਨ ਦਾ ਫ਼ਰਕ ਹੈ। ਇਹ ਹੈ ਜਿਸਮਾਨੀ ਬੰਧੰਨ ਅਤੇ ਉਹ ਹੈ ਰੂਹਾਨੀ ਸੰਬੰਧ। ਜਿਸਮਾਨੀ ਸੰਬੰਧ ਵਿੱਚ ਸਤਿਯੁਗ ਵਿੱਚ ਰਹਿੰਦੇ ਹਨ ਕਿਉਂਕਿ ਉੱਥੇ ਸੁਖ ਦਾ ਸੰਬੰਧ ਕਹਾਂਗੇ। ਇੱਥੇ ਫਿਰ ਦੁੱਖ ਦਾ ਬੰਧੰਨ ਕਹਾਂਗੇ। ਉਹਨਾਂ ਨੂੰ ਸੰਬੰਧ ਨਹੀਂ ਕਹਾਂਗੇ। ਇਹਨਾਂ ਗੱਲਾਂ ਦਾ ਅੱਗੇ ਪਤਾ ਨਹੀਂ ਸੀ। ਹੁਣ ਸਮਝ ਗਏ ਹੋ, ਪੁਕਾਰਦੇ ਜਰੂਰ ਸਨ - ਹੇ ਮਾਤ - ਪਿਤਾ ਆਓ। ਬਾਪ ਤਾਂ ਜਰੂਰ ਸਭਨੂੰ ਸੁਖ ਹੀ ਦੇਣਗੇ। ਪਰ ਬਾਪ ਕੀ ਸੁਖ ਦਿੰਦੇ ਹਨ - ਇਹ ਕਿਸੇਨੂੰ ਪਤਾ ਨਹੀਂ ਹੈ। ਹੁਣ ਬਾਪ ਨਾਲ ਸੰਬੰਧ ਹੈ, ਉਸ ਤੋਂ ਸਦਾ ਸੁਖ ਮਿਲਦਾ ਹੈ। ਸੁਖ ਨੂੰ ਸੰਬੰਧ, ਦੁੱਖ ਨੂੰ ਬੰਧੰਨ ਕਹਾਂਗੇ। ਤਾਂ ਬੱਚੇ ਮਾਤਾ - ਪਿਤਾ ਨੂੰ ਬੁਲਾਉਂਦੇ ਹਨ ਕਿ ਆਕੇ ਅਜਿਹੀਆਂ ਮਿੱਠੀਆਂ ਗੱਲਾਂ ਸੁਣਾਓ। ਉਹ ਇਨਡਾਇਰੈਕਟ ਬੁਲਾਉਂਦੇ ਹਨ, ਤੁਸੀਂ ਡਾਇਰੈਕਟ ਬੁਲਾਉਂਦੇ ਹੋ। ਉਹ ਵੀ ਯਾਦ ਕਰਦੇ ਹਨ - ਹੇ ਪਰਮਪਿਤਾ ਪਰਮਾਤਮ। ਪਿਤਾ ਹੈ ਤਾਂ ਜਰੂਰ ਮਾਤਾ ਵੀ ਹੋਣੀ ਚਾਹੀਦੀ ਹੈ। ਨਹੀਂ ਤਾਂ ਬਾਪ ਕ੍ਰੀਏਟ ਕਿਵੇਂ ਕਰੇ? ਸ਼ਿਵਬਾਬਾ ਨੂੰ ਬੱਚੇ ਚਿੱਠੀ ਕਿਵੇਂ ਲਿਖਣਗੇ? ਇਵੇਂ ਤਾਂ ਉਹ ਪੜ੍ਹ ਨਾ ਸਕੇ। ਸ਼ਿਵਬਾਬਾ ਤੇ ਇੱਥੇ ਬੈਠੇ ਹਨ ਇਸਲਈ ਲਿਖਦੇ ਹਨ ਸ਼ਿਵਬਾਬਾ ਥਰੂ ਬ੍ਰਹਮਾ। ਸ਼ਿਵਬਾਬਾ ਜਰੂਰ ਕੋਈ ਤੇ ਸ਼ਰੀਰ ਧਾਰਨ ਕਰਦੇ ਹਨ। ਗਾਉਂਦੇ ਵੀ ਹਨ - ਆਤਮਾ ਪਰਮਾਤਮਾ ਅਲਗ ਰਹੇ ਬਹੁਕਾਲ, ਸਤਿਗੁਰੂ ਉਸ ਨੂੰ ਕਿਹਾ ਜਾਂਦਾ ਹੈ। ਉਹ ਹੈ ਸਰਵ ਦਾ ਸਦਗਤੀ ਦਾਤਾ। ਉਹ ਆਕੇ ਇਸ ਸ਼ਰੀਰ ਵਿੱਚ ਪ੍ਰਵੇਸ਼ ਕਰਦੇ ਹਨ। ਫਿਰ ਇਹ੍ਹਾਂਨੂੰ 84 ਜਨਮਾਂ ਦਾ ਰਾਜ਼ ਬੈਠ ਦੱਸਦੇ ਹਨ। ਬ੍ਰਹਮਾ ਦੀ ਰਾਤ, ਬ੍ਰਹਮਾ ਦਾ ਦਿਨ ਗਾਇਆ ਹੋਇਆ ਹੈ। ਪਹਿਲੇ ਹੈ ਪਰਮਪਿਤਾ ਪਰਮਾਤਮਾ ਰਚਤਾ। ਬ੍ਰਹਮਾ, ਵਿਸ਼ਨੂੰ, ਸ਼ੰਕਰ ਨੂੰ ਵੀ ਰਚਦੇ ਹਨ। ਬਰੋਬਰ ਪਰਮਪਿਤਾ, ਬ੍ਰਹਮਾ ਦੀ ਰਾਤ ਨੂੰ ਫਿਰ ਬ੍ਰਹਮਾ ਦਾ ਦਿਨ ਬਣਾਉਣ ਆਉਂਦੇ ਹਨ। ਪ੍ਰਜਾਪਿਤਾ ਬ੍ਰਹਮਾ ਦਾ ਦਿਨ ਤਾਂ ਪ੍ਰਜਾਪਿਤਾ ਬ੍ਰਹਮਾਕੁਮਾਰ - ਕੁਮਾਰੀਆਂ ਦਾ ਵੀ ਦਿਨ ਹੋਇਆ। ਦਿਨ ਕਿਹਾ ਜਾਂਦਾ ਹੈ ਸਤਿਯੁਗ - ਤ੍ਰੇਤਾ ਨੂੰ। ਰਾਤ, ਦਵਾਪਰ - ਕਲਿਯੁਗ ਨੂੰ। ਹੁਣ ਤੁਸੀਂ ਬੱਚੇ ਆਏ ਹੋ ਬਾਪ ਕੋਲੋਂ ਸਵਰਗ ਦਾ ਵਰਸਾ ਲੈਣ। ਉਹਨਾਂ ਦੇ ਲਈ ਗਾਉਂਦੇ ਹਨ ਤਵਮੇਵ ਮਾਤਾਸ਼ੱਚ ਪਿਤਾ... ਸਖਾ ਰੂਪ ਨਾਲ ਹਲਕੇ ਰੂਪ ਵਿੱਚ ਆਕੇ ਬਹਲਾਉਂਦੇ ਹਨ। ਮੁੱਖ ਹੈ ਤਿੰਨ ਸੰਬੰਧ - ਬਾਪ, ਟੀਚਰ, ਸਤਿਗੁਰੂ। ਇਹਨਾਂ ਤੋਂ ਹੀ ਫ਼ਾਇਦਾ ਹੈ। ਬਾਕੀ ਕਾਕਾ, ਚਾਚਾ, ਮਾਮਾ ਆਦਿ ਸੰਬੰਧਾਂ ਦੀ ਕੋਈ ਗੱਲ ਨਹੀਂ। ਤਾਂ ਸੰਪੂਰਨ ਬਾਪ ਜੋ ਹੈ ਉਹ ਆਕੇ ਬੱਚਿਆਂ ਨੂੰ ਸੰਪੂਰਨ ਬਣਾਉਂਦੇ ਹਨ। 16 ਕਲਾ ਤੁਸੀਂ ਬਣ ਰਹੇ ਹੋ। ਤੁਸੀਂ ਅਨੁਭਵੀ ਹੋ। ਦੂਸਰਾ ਕੋਈ ਕਿਵੇਂ ਜਾਣੇ। ਜਦੋਂ ਤੱਕ ਤੁਸੀਂ ਬੱਚਿਆਂ ਦੇ ਸੰਗ ਵਿੱਚ ਨਾ ਆਏ ਉਦੋਂ ਤੱਕ ਉਹ ਕਿਵੇਂ ਸਮਝ ਸਕਣ।

ਹੁਣ ਤੁਸੀਂ ਜਾਣਦੇ ਹੋ ਭਗਤੀ ਮਾਰਗ ਵਿੱਚ ਵੀ ਬੰਧੰਨ ਹੈ। ਯਾਦ ਉਦੋਂ ਕਰਦੇ ਹਨ ਜਦੋਂਕਿ ਰਾਵਣ ਰੂਪੀ 5 ਵਿਕਾਰਾਂ ਦੇ ਬੰਧੰਨ ਵਿੱਚ ਹਨ। ਬਾਪ ਦਾ ਨਾਮ ਹੀ ਹੈ ਲਿਬ੍ਰੇਟਰ। ਅੰਗਰੇਜ਼ੀ ਅੱਖਰ ਬਹੁਤ ਵਧੀਆ ਹੈ। ਲਿਬ੍ਰੇਟ ਕਰਦੇ ਹਨ ਮਨੁੱਖਾਂ ਨੂੰ, ਲਿਬ੍ਰੇਟ ਕੀਤਾ ਜਾਂਦਾ ਹੈ ਦੁੱਖ ਤੋਂ, ਮਾਇਆ ਦੇ ਬੰਧੰਨ ਤੋਂ ਲਿਬ੍ਰੇਟ ਕਰਨ ਆਉਂਦੇ ਹਨ। ਫਿਰ ਗਾਈਡ ਵੀ ਹਨ। ਗੀਤਾ ਵਿੱਚ ਵੀ ਹੈ ਮੱਛਰਾਂ ਦੇ ਸਦ੍ਰਿਸ਼ ਸਭਨੂੰ ਵਾਪਿਸ ਲੈ ਜਾਂਦੇ ਹਨ ਤਾਂ ਜਰੂਰ ਵਿਨਾਸ਼ ਵੀ ਹੋਵੇਗਾ। ਇਹ ਤਾਂ ਗਾਇਆ ਹੋਇਆ ਹੈ ਬ੍ਰਹਮਾ ਦਵਾਰਾ ਸਥਾਪਨਾ, ਸ਼ੰਕਰ ਦਵਾਰਾ ਵਿਨਾਸ਼ ਕਰਾਉਂਦੇ ਹਨ। ਫਿਰ ਜੋ ਸਥਾਪਨਾ ਕਰਦੇ ਹਨ ਉਹਨਾਂ ਦਵਾਰਾ ਹੀ ਪਾਲਣਾ ਹੁੰਦੀ । ਹੁਣ ਤੁਸੀਂ ਤਿਆਰ ਹੋ ਰਹੇ ਹੋ - ਨੰਬਰਵਾਰ ਪੁਰਸ਼ਾਰਥ ਅਨੁਸਾਰ। ਦੇਹ ਦੇ ਬੰਧੰਨ ਨੂੰ ਬੁੱਧੀ ਤੋਂ ਤੋੜ੍ਹਨਾ ਹੈ। ਸੰਨਿਆਸੀ ਲੋਕ ਤੇ ਘਰਬਾਰ ਛੱਡ ਭੱਜ ਜਾਂਦੇ ਹਨ। ਤੁਸੀਂ ਗ੍ਰਹਿਸਤ ਵਿਵਹਾਰ ਵਿੱਚ ਰਹਿੰਦੇ ਰਾਜਯੋਗ ਸਿੱਖਦੇ ਹੋ। ਉਹਨਾਂ ਦਾ ਵੀ ਮਿਸਾਲ ਹੈ। ਉਹ ਫਿਰ ਜਾਕੇ ਅਨੁਜ ਜਨਕ ਬਣਿਆ। ਬਹੁਤ

ਬੱਚੇ ਕਹਿੰਦੇ ਹਨ ਜਨਮ ਮਿਸਲ ਅਸੀਂ ਆਪਣੀ ਰਾਜਧਾਨੀ ਵਿੱਚ ਰਹਿੰਦੇ ਗਿਆਨ ਉਠਾਵੇਂ। ਆਪਣੇ ਘਰ ਦਾ ਤਾਂ ਹਰੇਕ ਰਾਜਾ ਹੈ ਨਾ। ਮਾਲਿਕ ਨੂੰ ਰਾਜਾ ਕਿਹਾ ਜਾਂਦਾ ਹੈ । ਬਾਪ ਹੈ, ਉਹਨਾਂ ਦੀ ਇਸਤਰੀ ਬੱਚੇ ਆਦਿ ਹਨ - ਇਹ ਹੋ ਗਈ ਹੱਦ ਦੀ ਰਚਨਾ। ਕ੍ਰੀਏਟ ਵੀ ਕਰਦੇ ਹਨ, ਪਾਲਣਾ ਵੀ ਕਰਦੇ ਹਨ। ਬਾਕੀ ਸੰਹਾਰ ਨਹੀਂ ਕਰ ਸਕਦੇ ਕਿਉਂਕਿ ਸ੍ਰਿਸਟੀ ਨੂੰ ਤਾਂ ਵ੍ਰਿਧੀ ਨੂੰ ਪਾਉਣਾ ਹੀ ਹੈ। ਸਭ ਪੈਦਾ ਹੀ ਕਰਦੇ ਰਹਿੰਦੇ ਹਨ। ਸਿਰਫ਼ ਬੇਹੱਦ ਦਾ ਬਾਪ ਹੀ ਆਉਂਦੇ ਹਨ ਜੋ ਨਵੀਂ ਰਚਨਾ ਰਚਦੇ ਹਨ। ਅਤੇ ਪੁਰਾਣੀ ਦਾ ਵਿਨਾਸ਼ ਕਰਾਉਂਦੇ ਹਨ। ਨਵੀਂ ਸ੍ਰਿਸ਼ਟੀ ਦੀ ਸਥਾਪਨਾ ਅਤੇ ਪੁਰਾਣੀ ਦਾ ਵਿਨਾਸ਼ ਸੋ ਤਾਂ ਬ੍ਰਹਮਾ - ਵਿਸ਼ਨੂੰ - ਸ਼ੰਕਰ ਦਾ ਰਚਿਯਤਾ ਪਰਮਪਿਤਾ ਪਰਮਾਤਮਾ ਹੀ ਕਰਨਗੇ। ਇਹਨਾਂ ਗੱਲਾਂ ਨੂੰ ਤੁਸੀਂ ਬੱਚੇ ਚੰਗੀ ਤਰ੍ਹਾਂ ਸਮਝਦੇ ਹੋ। ਗੱਲਾਂ ਤੇ ਬੜੀਆਂ ਸਹਿਜ ਹਨ। ਨਾਮ ਹੀ ਰੱਖਿਆ ਹੋਇਆ ਹੈ ਸਹਿਜ ਯੋਗ ਅਤੇ ਯਾਦ। ਭਾਰਤ ਦਾ ਗਿਆਨ ਅਤੇ ਯੋਗ ਨਾਮੀਗ੍ਰਾਮੀ ਹੈ।

ਬਾਪ ਹੁਣ ਤੁਹਾਨੂੰ ਬੱਚਿਆਂ ਨੂੰ ਦੈਵੀ ਮਤ ਦਿੰਦੇ ਹਨ ਜਿਸ ਨਾਲ ਤੁਸੀਂ ਸਦੈਵ ਹਰਸ਼ਿਤ ਰਹੋਗੇ। ਮਾਤ -ਪਿਤਾ ਨਾਲ ਹੀ ਨਵੀਂ ਸ੍ਰਿਸ਼ਟੀ ਦੀ ਰਚਨਾ ਹੁੰਦੀ ਹੈ। ਇਹ ਤਾਂ ਸਭ ਜਾਣਦੇ ਹਨ ਸਾਨੂੰ ਖੁਦਾ ਨੇ ਪੈਦਾ ਕੀਤਾ ਹੈ। ਹੁਣ ਤੁਸੀਂ ਸਮਝਦੇ ਹੋ ਖੁਦਾ ਕਿਵੇਂ ਆਕੇ ਨਵੀਂ ਸ੍ਰਿਸ਼ਟੀ ਰਚਦੇ ਹਨ। ਨਵੀਂ ਸ੍ਰਿਸ਼ਟੀ ਅਡੋਪਟ ਕਰਦੇ ਹਨ। ਮਾਤ -ਪਿਤਾ ਤਾਂ ਜਰੂਰ ਹਨ। ਬਾਪ ਹਨ ਫਿਰ ਖੁਦ ਹੀ ਇਹਨਾਂ ਦਵਾਰਾ ਅਡੋਪਟ ਕਰਦੇ ਹਨ ਤਾਂ ਇਹ ਵੱਡੀ ਮਾਤਾ ਹੋ ਗਈ। ਫਿਰ ਪਹਿਲੇ ਨੰਬਰ ਵਿੱਚ ਸਰਸਵਤੀ ਨੂੰ ਅਡੋਪਟ ਕੀਤਾ ਹੈ। ਬਾਪ ਨੇ ਇਹਨਾਂ ਵਿੱਚ ਪ੍ਰਵੇਸ਼ ਕੀਤਾ ਹੈ ਨਾ। ਇਹ ਮੰਮਾ ਤਾਂ ਅਡੋਪਟੇਡ ਹੈ। ਤੁਹਾਡੇ ਲਈ ਤਾਂ ਮਾਤ - ਪਿਤਾ ਹਨ। ਸਾਡੇ ਲਈ ਪਤੀ ਵੀ ਹੋਇਆ ਤਾਂ ਪਿਤਾ ਵੀ ਹੋਇਆ। ਪ੍ਰਵੇਸ਼ ਕਰ ਆਪਣੀ ਵੰਨੀ (ਯੁਗਲ) ਵੀ ਮੈਨੂੰ ਬਣਾਇਆ ਹੈ ਅਤੇ ਬੱਚਾ ਵੀ ਬਣਿਆ ਹੈ। ਇਹ ਤਾਂ ਬੜੀਆਂ ਰਮਣੀਕ ਗੱਲਾਂ ਹਨ, ਜੋ ਸਮੁਖ ਸੁਣਨ ਦੀਆਂ ਹਨ। ਤੁਹਾਡੇ ਵਿੱਚ ਵੀ ਨੰਬਰਵਾਰ ਸਮਝਦੇ ਹਨ। ਜੇਕਰ ਸਭ ਸਮਝਦੇ ਹੋਣ ਤਾਂ ਫਿਰ ਸਮਝਾਵੇਂ। ਸਮਝਾ ਨਹੀਂ ਸਕਦੇ ਹਨ ਤਾਂ ਗੋਇਆ ਕੁਝ ਨਹੀਂ ਸਮਝਿਆ। ਜੜ੍ਹ ਬੀਜ਼ ਨਾਲ ਝਾੜ ਕਿਵੇ ਪੈਦਾ ਹੁੰਦਾ ਹੈ- ਇਹ ਤਾਂ ਕੋਈ ਵੀ ਝੱਟ ਦਸ ਸਕਦਾ ਹੈ। ਇਸ ਬੇਹੱਦ ਦੇ ਝਾੜ ਦਾ ਗਿਆਨ ਜਦੋਂ ਤੱਕ ਬਾਪ ਨਾ ਆਕੇ ਸਮਝਾਏ ਉਦੋਂ ਤੱਕ ਕੋਈ ਸਮਝ ਨਹੀਂ ਸਕਦੇ। ਤੁਸੀਂ ਜਾਣਦੇ ਹੋ ਅਸੀਂ ਬਾਪ ਕੋਲੋਂ ਰਾਜਯੋਗ ਸਿੱਖਕੇ ਵਰਸਾ ਲੈ ਰਹੇ ਹਾਂ। ਇਹ ਬੁੱਧੀ ਵਿੱਚ ਹੋਣਾ ਚਾਹੀਦਾ ਹੈ। ਇਹ ਡਬਲ ਸੰਬੰਧ ਹੈ। ਉੱਥੇ ਤਾਂ ਸਿੰਗਲ ਸੰਬੰਧ ਰਹਿੰਦਾ ਹੈ। ਪਰਾਲੋਕਿਕ ਬਾਪ ਨੂੰ ਯਾਦ ਨਹੀਂ ਕਰਦੇ। ਇੱਥੇ ਉਹ ਸਭ ਹੈ ਬੰਧੰਨ। ਤੁਸੀਂ ਜਾਣਦੇ ਹੋ ਅਸੀਂ ਇਸ ਸਮੇਂ ਉਸ ਬੰਧਨ ਵਿਚ ਵੀ ਹਾਂ। ਪਿਤਾ ਦੇ ਸੰਬੰਧ ਵਿਚ ਹੁਣ ਆਏ ਹਾਂ, ਉਸ ਬੰਧੰਨ ਤੋਂ ਛੁੱਟਣ ਦੇ ਲਈ। ਅੱਜਕਲ ਤੇ ਕਿੰਨੇ ਮਤ ਹੋ ਗਏ ਹਨ। ਆਪਸ ਵਿੱਚ ਲੜ੍ਹਦੇ - ਝਗੜਦੇ ਰਹਿੰਦੇ ਹਨ। ਪਾਣੀ ਦੇ ਲਈ, ਧਰਨੀ ਦੇ ਲਈ ਵੀ ਲੜ੍ਹਦੇ ਰਹਿੰਦੇ ਹਨ। ਇਹ ਸਾਡੀ ਹੱਦ ਵਿੱਚ ਹੈ, ਇਹ ਤੁਹਾਡੀ ਹੱਦ ਵਿੱਚ ਨਹੀਂ ਹੈ। ਬਿਲਕੁਲ ਹੀ ਹੱਦ ਵਿੱਚ ਆ ਗਏ ਹਨ। ਇਹ ਭਾਵੇਂ ਗਾਉਂਦੇ ਹਨ ਕਿ ਭਾਰਤਵਾਸੀ ਸਤਿਯੁਗ ਵਿੱਚ ਬੇਹੱਦ ਦੇ ਮਾਲਿਕ ਸਨ। ਜੋ ਮਾਲਿਕ ਸਨ ਉਹ ਹੀ ਫਿਰ ਭੁੱਲ ਜਾਂਦੇ ਹਨ। ਭੁਲਣਾ ਵੀ ਜਰੂਰ ਹੈ ਫਿਰ ਬਾਪ ਆਕੇ ਸਮਝਾਉਂਦੇ ਹਨ। ਇਹਨਾਂ ਗੱਲਾਂ ਨੂੰ ਹੁਣ ਤੁਸੀਂ ਜਾਣਦੇ ਹੋ। ਉੱਥੇ ਹੈ ਬੰਧੰਨ। ਇੱਥੇ ਮਾਤ - ਪਿਤਾ ਨਾਲ ਸੰਬੰਧ ਹੈ। ਜਾਣਦੇ ਹੋ ਅਸੀਂ ਸ਼੍ਰੀਮਤ ਤੇ ਚਲ ਅਥਾਹ ਸੁਖ ਦਾ ਵਰਸਾ ਪਾ ਰਹੇ ਹਾਂ। ਬਾਪ ਕਹਿੰਦੇ ਹਨ ਮੈਂ ਤੁਹਾਨੂੰ ਸੁਖ ਦਾ ਵਰਸਾ ਦਿੰਦਾ ਹਾਂ। ਫਿਰ ਸ਼ਰਾਪ ਕੌਣ ਦਿੰਦੇ ਹਨ? ਮਾਇਆ ਰਾਵਣ। ਸ਼ਰਾਪ ਵਿੱਚ ਹੈ ਦੁੱਖ, ਵਰਸੇ ਵਿੱਚ ਤਾਂ ਸੁਖ ਹੁੰਦਾ ਹੈ। ਮਨੁੱਖ ਇਹ ਨਹੀਂ ਜਾਣਦੇ ਹਨ ਕਿ ਮਨੁੱਖ ਨੂੰ ਦੁੱਖ ਦਾ ਵਰਸਾ ਕੌਣ ਦਿੰਦੇ ਹਨ? ਬਾਪ ਸਤਿਯੁਗ ਸਥਾਪਨ ਕਰਦੇ ਹਨ ਤਾਂ ਜਰੂਰ ਸੁਖ ਦਾ ਹੀ ਵਰਸਾ ਦੇਣਗੇ। ਬਾਪ ਨੂੰ ਦੁੱਖ ਦਾ ਵਰਸਾ ਦੇਣ ਵਾਲਾ ਥੋੜ੍ਹਾ ਹੀ ਕਹਾਂਗੇ। ਦੁੱਖ ਤਾਂ ਦੁਸ਼ਮਣ ਦਿੰਦੇ ਹਨ। ਪਰ ਇਹ ਗੱਲਾਂ ਕੋਈ ਸਮਝਦੇ ਨਹੀਂ। ਕਿੱਥੇ ਦੀ ਗੱਲ ਕਿੱਥੇ ਲੈ ਗਏ ਹਨ। ਕਹਿੰਦੇ ਹਨ ਲੰਕਾ ਲੁੱਟੀ ਜਾਂਦੀ ਹੈ, ਸੋਨਾ ਲੈ ਆਉਂਦੇ ਹਨ। ਹੁਣ ਸੋਨਾ ਕੋਈ ਸਿਲਾਣ ਵਿੱਚ ਨਹੀਂ ਰੱਖਿਆ ਹੈ। ਸੋਨਾ ਤੇ ਮਿਲਦਾ ਹੈ ਖਾਣੀਆਂ ਤੋਂ। ਕਿੱਥੇ ਨਦੀਆਂ ਤੋਂ ਵੀ ਮਿਲਦਾ ਹੈ।

ਬੱਚੇ ਜਾਣ ਗਏ ਹਨ ਇਹ ਅਨਾਦਿ ਵਰਲਡ ਡਰਾਮਾ ਹੈ। ਤੁਸੀਂ ਬੱਚਿਆਂ ਦੀ ਬੁੱਧੀ ਵਿੱਚ ਨੰਬਰਵਾਰ ਪੁਰਸ਼ਾਰਥ ਅਨੁਸਾਰ ਬੈਠਿਆ ਹੈ। ਜੋ ਸਮਝਦੇ ਨਹੀਂ, ਨਾ ਸਮਝ ਸਕਦੇ ਤਾਂ ਉਹ ਕੀ ਪਦਵੀ ਪਾਉਣਗੇ! ਪੜ੍ਹੇ ਹੋਏ ਦੇ ਅੱਗੇ ਭਰੀ ਢੋਣਗੇ। ਰਾਜਾ - ਰਾਣੀ , ਪ੍ਰਜਾ ਵਿੱਚ ਫ਼ਰਕ ਤੇ ਹੈ ਨਾ। ਜਿਵੇਂ ਇਹ ਮੰਮਾ - ਬਾਬਾ ਜਾਕੇ ਉੱਚ ਪਦਵੀ ਪਾਉਂਦੇ ਹਨ। ਤੁਸੀਂ ਵੀ ਪੁਰਸ਼ਾਰਥ ਕਰ ਇਨਾਂ ਪੜ੍ਹੋ ਜੋ ਮੰਮਾ -ਬਾਬਾ ਦੇ ਤਖ਼ਤ ਤੇ ਬੈਠੋ, ਵਿਜੇ ਮਾਲਾ ਦਾ ਦਾਣਾ ਬਣੋ। ਟੈਮਟੇਸ਼ਨ ਬਹੁਤ ਦਿੱਤੀ ਜਾਂਦੀ ਹੈ। ਰਾਜਯੋਗ ਹੈ ਨਾ। ਤੁਸੀਂ ਰਾਜਯੋਗੀ ਤੋਂ ਰਾਜਾਈ ਪ੍ਰਾਪਤ ਕਰ ਲਵੋ। ਘੱਟ ਤੋਂ ਘਟ ਪੁਰਸ਼ਾਰਥ ਅਨੁਸਾਰ ਪ੍ਰਜਾ ਤਾਂ ਬਣੇਗੀ ਹੀ। ਹਮੇਸ਼ਾ ਕਿਹਾ ਜਾਂਦਾ ਹੈ ਫਾਲੋ ਫ਼ਾਦਰ। ਤੁਸੀਂ ਬੱਚੇ ਹੋ ਨਾ। ਉਹ ਫ਼ਾਦਰ ਫਿਰ ਇਹ ਫਾਦਰ, ਇੱਥੇ ਫਿਰ ਮਦਰ ਵੀ ਹੈ। ਨੰਬਰਵਨ ਫਾਲੋ ਕਰ ਰਹੀ ਹੈ। ਤੁਸੀਂ ਹੋ ਭਰਾ - ਭੈਣ। ਬਾਪ ਤੇ ਇੱਕ ਹੋਣਾ ਚਾਹੀਦਾ ਹੈ। ਓ ਗੋਡ ਫ਼ਾਦਰ। ਸਭ ਕਹਿੰਦੇ ਹਨ ਤਾਂ ਸਭ ਭਰਾ -ਭੈਣ ਹੋ ਗਏ। ਹੋਰ ਜਾਸਤੀ ਕੋਈ ਸੰਬੰਧ ਨਹੀਂ। ਭਰਾ - ਭੈਣ, ਬਸ। ਅਤੇ ਉਹਨਾਂ ਦਾ ਬਾਪ, ਦਾਦਾ, ਭਰਾ, ਭੈਣਾਂ ਤੇ ਬਹੁਤ ਹਨ। ਬਾਪ ਇੱਕ ਹੈ, ਦਾਦਾ ਵੀ ਇੱਕ ਹੈ। ਇੱਕ ਪ੍ਰਜਾਪਿਤਾ ਬ੍ਰਹਮਾ ਹੈ, ਉਹਨਾਂ ਤੋਂ ਫਿਰ ਰਚਨਾ ਰਚੀ ਜਾਂਦੀ ਹੈ। ਤੁਸੀਂ ਭੈਣ - ਭਰਾ ਹੀ ਪਦਵੀ ਪਾਉਂਦੇ ਹੋ ਨੰਬਰਵਾਰ ਪੁਰਸ਼ਾਰਥ ਅਨੁਸਾਰ। ਬਾਕੀ ਜਾਕੇ ਆਪਣੇ - ਆਪਣੇ ਝਾੜ ਵਿੱਚ ਲਟਕਣਗੇ। ਠਿਕਾਣਾ ਤਾਂ ਹੈ ਨਾ। ਜਿਥੋਂ ਤੋਂ ਫਿਰ ਨੰਬਰਵਾਰ ਆਉਂਦੇ ਹਨ। ਇੱਥੇ ਹੈ ਜੀਵਨਬੰਧ। ਆਤਮਾਵਾਂ ਉੱਥੇ ਤੋਂ ਪਹਿਲੇ - ਪਹਿਲੇ ਸੁਖ ਵਿੱਚ ਆਉਂਦੀ ਹੈ ਇਸਲਈ ਪਹਿਲੇ ਜੀਵਨਮੁਕਤ ਹੁੰਦੀਆਂ ਹਨ। ਪਹਿਲੇ - ਪਹਿਲੇ ਹੁੰਦੀ ਹੈ ਸਵਰਗ ਵਿੱਚ ਭਾਰਤਵਾਸੀਆਂ ਦੀ ਜੀਵਨਮੁਕਤੀ। ਕਿੰਨੀ ਵਧੀਆ - ਚੰਗੀਆਂ ਗੱਲਾਂ ਬਾਪ ਸੁਣਾਉਂਦੇ ਹਨ। ਮੇਰਾ ਤਾਂ ਇੱਕ ਸਰਵੋਤਮ ਟੀਚਰ ਦੂਸਰਾ ਨਾ ਕੋਈ। ਕੰਨਿਆਵਾਂ ਕਹਿਣਗੀਆਂ ਮੇਰਾ ਤਾਂ ਇੱਕ ਸ਼ਿਵਬਾਬਾ... ਕੰਨਿਆਵਾਂ ਨੂੰ ਇਸ ਵਿੱਚ ਪੂਰਾ ਅਟੇਸ਼ਨ ਦੇਣਾ ਹੈ। ਇਸ ਗੌਰਮਿੰਟ ਦੇ ਹੋ ਗਏ ਤਾਂ ਫਿਰ ਈਸ਼ਵਰੀ ਸਰਵਿਸ ਵਿੱਚ ਲਗ ਜਾਣਾ ਹੈ। ਫਿਰ ਆਸੁਰੀ ਸਰਵਿਸ ਕਿਵੇਂ ਕਰ ਸਕਦੀ? ਹਰ ਇੱਕ ਦੇ ਕਰਮਬੰਧੰਨ

ਅਨੁਸਾਰ ਰਾਏ ਦਿੱਤੀ ਜਾਂਦੀ ਹੈ। ਦੇਖਿਆ ਜਾਂਦਾ ਹੈ, ਨਿਕਲ ਸਕਦੀ ਹੈ ਜਾਂ ਨਹੀਂ। ਚੰਗੇ ਸ਼ਰੁਡ ਬੁੱਧੀ ਹਨ ਤਾਂ ਫਿਰ ਆਨ ਗੋਡਲੀ ਸਰਵਿਸ ਓਨਲੀ ਹੋ ਜਾਂਦੀ ਹੈ। ਤੁਸੀਂ ਬੱਚਿਆਂ ਦੀ ਹੈ ਗੋਡਲੀ ਸਰਵਿਸ, ਨਿਰਵਿਕਾਰੀ ਬਨਾਉਣ ਦੀ ਸਰਵਿਸ। ਅਸੀ ਸੈਨਾ ਹਾਂ। ਗੋਡ ਸਾਨੂੰ ਮਾਇਆ ਨਾਲ ਯੁੱਧ ਕਰਨਾ ਸਿਖਾਉਂਦੇ ਹਨ। ਰਾਵਣ ਸਭ ਤੋਂ ਜਾਸਤੀ ਪੁਰਾਣਾ ਦੁਸ਼ਮਣ ਹੈ। ਇਹ ਸਿਰਫ ਤੁਸੀਂ ਹੀ ਜਾਣਦੇ ਹੋ। ਤੁਸੀਂ ਰਾਵਣ ਤੇ ਵਿਜੇ ਪਾਕੇ ਹੀਰੇ ਜਿਹਾ ਬਣੋਗੇ। ਬੱਚਿਆਂ ਨੂੰ ਉਹ ਹਿੰਮਤ, ਉਹ ਨਸ਼ਾ ਰਹਿਣਾ ਚਾਹੀਦਾ ਹੈ। ਮਨੁੱਖ ਤੇ ਲੜਦੇ ਰਹਿੰਦੇ ਹਨ, ਸਭ ਜਗ੍ਹਾ ਵੇਖੋ ਝੱਗੜਾ ਹੀ ਝੱਗੜਾ ਹੈ। ਸਾਡਾ ਕਿਸੇ ਨਾਲ ਝੱਗੜਾ ਨਹੀਂ। ਬਾਪ ਕਹਿੰਦੇ ਹਨ ਮੈਨੂੰ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋਣਗੇ। ਫਿਰ ਵਰਸੇ ਨੂੰ ਯਾਦ ਕਰੋ। ਇਹ ਵੀ ਕਿਸੇ ਨੂੰ ਸੁਣਾਉਣਾ ਪਵੇ ਨਾ। ਬਾਪ ਦਾ ਪਰਿਚੈ ਦੇ ਉਨ੍ਹਾਂ ਨਾਲ ਬੁੱਧੀ ਯੋਗ ਲਗਾਉਣਾ ਹੈ। ਉਹ ਸਦੈਵ ਮਾਤਾ - ਪਿਤਾ ਹੈ। ਸ਼ਿਵ ਬਾਬਾ ਹੈ ਤਾਂ ਦੱਸੋ ਤੁਹਾਡੀ ਮਾਤਾ ਕਿਹੜੀ ਹੈ? ਇਹ ਵੀ ਕਿੰਨੀਆਂ ਗੁਪਤ ਗੱਲਾਂ ਹਨ। ਤੁਸੀਂ ਪੁੱਛਦੇ ਹੋ ਆਤਮਾ ਦਾ ਬਾਪ ਕੌਣ ਹੈ? ਉਹ ਵੀ ਲਿਖ ਦੇਣਗੇ ਪਰਮਾਤਮਾ ਹੈ। ਅੱਛਾ, ਮਾਤਾ ਕਿੱਥੇ ਹੈ? ਮਾਤਾ ਬਿਨਾਂ ਬੱਚਿਆਂ ਨੂੰ ਰਚਣਗੇ ਕਿਵੇਂ? ਤਾਂ ਫਿਰ ਜਗਤ ਅੰਬਾ ਵੱਲ ਚਲੇ ਜਾਣਗੇ। ਅੱਛਾ, ਜਗਤ ਅੰਬਾ ਨੂੰ ਕਿਵੇਂ ਰਚਿਆ? ਇਹ ਵੀ ਕਿਸੇ ਨੂੰ ਪਤਾ ਨਹੀਂ ਹੈ। ਤੁਸੀਂ ਜਾਣਦੇ ਹੋ ਬ੍ਰਹਮਾ ਦੀ ਬੇਟੀ ਸਰਸਵਤੀ ਹੈ। ਉਹ ਵੀ ਮੁੱਖ ਵੰਸ਼ਾਵਲੀ ਹੈ। ਰਚਤਾ ਤੇ ਬਾਪ ਹੀ ਹੈ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਮੇਰਾ ਤੇ ਇੱਕ ਸਰਵੋਤਮ ਟੀਚਰ ਦੂਸਰਾ ਨਾ ਕੋਈ - ਇਸੇ ਨਿਸ਼ਚੇ ਨਾਲ ਮਾਤ, - ਪਿਤਾ ਸਮਾਨ ਪੜਾਈ ਪੜਨੀ ਹੈ। ਪੁਰਸ਼ਾਰਥ ਵਿੱਚ ਪੂਰਾ ਫਾਲੋ ਕਰਨਾ ਹੈ।

2. ਦੇਹ ਦੇ ਬੰਧਨ ਨੂੰ ਬੁੱਧੀ ਤੋਂ ਤੋੜਨਾ ਹੈ। ਦੈਵੀ ਮਤ ਤੇ ਚਲ ਸਦਾ ਹਰਸ਼ਿਤ ਰਹਿਣਾ ਹੈ। ਈਸ਼ਵਰੀਏ ਸੇਵਾ ਕਰਨੀ ਹੈ।

ਵਰਦਾਨ:- ਕਿਨਾਰਾ ਕਰਨ ਦੀ ਬਜਾਏ ਖੁਦ ਨੂੰ ਐਡਜਸਟ ਕਰਨ ਵਾਲੇ ਸਹਿਣਸ਼ੀਲਤਾ ਦੇ ਅਵਤਾਰ ਭਵ।

ਕਈਆਂ ਬੱਚਿਆਂ ਵਿਚ ਸਹਿਣਸ਼ੀਲਤਾ ਦੀ ਕਮੀ ਹੁੰਦੀ ਹੈ ਇਸਲਈ ਕੋਈ ਛੋਟੀ ਜਿਹੀ ਗੱਲ ਵੀ ਹੁੰਦੀ ਹੈ ਤਾਂ ਚੇਹਰਾ ਬਹੁਤ ਜਲਦੀ ਬਦਲ ਜਾਂਦਾ ਹੈ, ਫਿਰ ਘਬਰਾਕੇ ਜਾਂ ਤਾਂ ਜਗ੍ਹਾ ਨੂੰ ਬਦਲਣ ਦੀ ਸੋਚਣਗੇ ਜਾਂ ਜਿਨ੍ਹਾਂ ਤੋਂ ਤੰਗ ਹੋਣਗੇ ਉਨ੍ਹਾਂ ਨੂੰ ਬਦਲ ਦੇਣਗੇ, ਆਪਣੇ ਨੂੰ ਨਹੀਂ ਬਦਲਣਗੇ, ਲੇਕਿਨ ਦੂਜਿਆਂ ਤੋਂ ਕਿਨਾਰਾ ਕਰ ਲੈਣਗੇ ਇਸਲਈ ਜਗ੍ਹਾ ਜਾਂ ਦੂਸਰੇ ਨੂੰ ਬਦਲਣ ਦੀ ਬਜਾਏ ਖੁਦ ਨੂੰ ਬਦਲ ਲਵੋ, ਸਹਿਣਸ਼ੀਲਤਾ ਦਾ ਅਵਤਾਰ ਬਣ ਜਾਵੋ। ਸਭ ਦੇ ਨਾਲ ਖੁਦ ਨੂੰ ਐਡਜਸਟ ਕਰਨਾ ਸਿੱਖੋ।

ਸਲੋਗਨ:- ਪਰਮਾਰਥ ਦੇ ਆਧਾਰ ਨਾਲ ਵਿਵਹਾਰ ਨੂੰ ਸਿੱਧ ਕਰਨਾ - ਇਹ ਹੀ ਯੋਗੀ ਦਾ ਲਕਸ਼ਨ ਹੈ।

******